# ਰਾਜ ਦਾ ਜਨਮ
# ਇਤਿਹਾਸਕ ਵਿਕਾਸਵਾਦੀ ਸਿਧਾਂਤ

ORIGIN OF STATE

HISTORICAL EVOLUTIONARY THEORY


# ਰਾਜ ਦੀ ਉਤਪਤੀ
## Origin of the State

ਰਾਜ ਦਾ ਜਨਮ ਕਦੋਂ, ਕਿਉਂ ਤੇ ਕਿਵੇਂ ਹੋਇਆ ਇਸ ਬਾਰੇ ਸਾਨੂੰ ਇਤਿਹਾਸ ਤੋਂ ਕੋਈ ਠੋਸ ਜਾਣਕਾਰੀ ਨਹੀਂ ਮਿਲਦੀ। ਵੱਖੋ-ਵੱਖਰੇ ਸਮੇਂ ਤੇ ਰਾਜਨੀਤਿਕ ਦਾਰਸ਼ਨਿਕਾਂ ਦੁਆਰਾ ਰਾਜ ਦੀ ਉਤਪਤੀ ਸੰਬੰਧੀ ਆਪਣੇ ਵੱਖੋ-ਵੱਖਰੇ ਸਿਧਾਂਤ ਪੇਸ਼ ਕੀਤੇ ਗਏ ਹਨ। ਇਹਨਾਂ ਸਿਧਾਂਤਾਂ ਦਾ ਆਧਾਰ ਸਿਰਫ਼ ਕਿਆਸ ਅਰਾਈਆਂ ਹੀ ਨਹੀਂ ਹਨ, ਸਗੋਂ ਇਹਨਾਂ ਪਿੱਛੇ ਇਹਨਾਂ ਵਿਚਾਰਕਾਂ ਦੀ ਰਾਜ ਦੇ ਕੰਮਾਂ, ਜ਼ਿੰਮੇਵਾਰੀਆਂ, ਤੇ ਜਨਤਾ ਨਾਲ਼ ਸੰਬੰਧਾਂ ਬਾਰੇ ਵਿਚਾਰਧਾਰਾ ਵੀ ਝਲਕਦੀ ਹੈ। ਇਹਨਾਂ ਸਿਧਾਂਤਾਂ ਤੋਂ ਇਹ ਜਾਣਕਾਰੀ ਵੀ ਮਿਲਦੀ ਹੈ ਕਿ ਮਨੁੱਖੀ ਜੀਵਨ ਵਿੱਚ ਰਾਜ ਦਾ ਰੁਤਬਾ ਕੀ ਹੈ, ਨਾਗਰਿਕਾਂ ਦੇ ਰਾਜ ਨਾਲ਼ ਕਿਹੋ-ਜਿਹੇ ਸੰਬੰਧ ਹਨ ਅਤੇ ਰਾਜ ਦਾ ਸਰੂਪ ਕਿਹੋ-ਜਿਹਾ ਹੈ, ਆਦਿ।

# ਦੈਵੀ ਉਤਪਤੀ ਦਾ ਸਿਧਾਂਤ
# (Divine Origin Theory)

ਰਾਜ ਦੀ ਦੈਵੀ ਉਤਪਤੀ ਦਾ ਸਿਧਾਂਤ ਕਹਿੰਦਾ ਹੈ, ਕਿ ਰਾਜ ਦੀ ਸਿਰਜਣਾ ਪ੍ਰਮਾਤਮਾ ਦੁਆਰਾ ਕੀਤੀ ਗਈ ਹੈ। ਰਾਜਾ ਪ੍ਰਮਾਤਮਾ ਦਾ ਪ੍ਰਤੀਨਿਧ ਹੈ, ਤੇ ਲੋਕਾਂ ਨੂੰ ਰਾਜੇ ਦੇ ਹਰ ਆਦੇਸ਼ ਦਾ ਪਾਲਣ ਪ੍ਰਮਾਤਮਾ ਦਾ ਆਦੇਸ਼ ਸਮਝ ਕੇ ਕਰਨਾ ਚਾਹੀਦਾ ਹੈ। ਜੇਕਰ ਰਾਜਾ ਮਾੜਾ ਤੇ ਅੱਤਿਆਚਾਰੀ ਹੈ, ਤਾਂ ਵੀ ਉਹ ਉੱਥੋਂ ਦੇ ਲੋਕਾਂ ਦੇ ਪਿਛਲੇ ਜਨਮ ਦਾ ਫ਼ਲ ਹੀ ਹੈ। ਇਹ ਸਿਧਾਂਤ ਰਾਜਿਆਂ ਦੇ ਪਰਮ ਅਧਿਕਾਰਾਂ ਦਾ ਸਮਰਥਨ ਕਰਦਾ ਹੈ, ਤੇ ਜਨਤਾ ਨੂੰ ਰਾਜ ਦਾ ਵਿਰੋਧ ਕਰਨ ਦਾ ਅਧਿਕਾਰ ਨਹੀਂ ਦਿੰਦਾ।

# ਰਾਜਾ ਪ੍ਰਮਾਤਮਾਂ ਦਾ ਪ੍ਰਤੀਨਿਧ ਹੈ



# ਸਮਾਜਿਕ ਸਮਝੌਤਾ ਸਿਧਾਂਤ
# (Social Contract Theory)

ਇਸ ਸਿਧਾਂਤ ਅਨੁਸਾਰ ਰਾਜ ਦੀ ਉਤਪਤੀ ਪਿੱਛੇ ਕੋਈ ਦੈਵੀ ਸ਼ਕਤੀ ਨਹੀਂ ਸਗੋਂ ਮਨੁੱਖੀ ਜਰੂਰਤ ਹੈ। ਰਾਜ ਦੀ ਉਤਪਤੀ ਆਪਣੀਆਂ ਕੁੱਝ ਜਰੂਰਤਾਂ ਦੀ ਪੂਰਤੀ ਲਈ ਮਨੁੱਖ ਦੁਆਰਾ ਹੀ ਇੱਕ ਸਮਾਜਿਕ ਸਮਝੌਤਾ ਕਰਕੇ ਕੀਤੀ ਗਈ ਹੈ। ਇਹਨਾਂ ਜਰੂਰਤਾਂ ਨੂੰ ਪੂਰਾ ਕਰਨਾ ਸ਼ਾਸਕਾਂ ਦੀ ਜਿੰਮੇਵਾਰੀ ਹੈ। ਜੇਕਰ ਸ਼ਾਸਕ ਇਹਨਾਂ ਜਰੂਰਤਾਂ ਨੂੰ ਪੂਰੀਆਂ ਨਹੀਂ ਕਰਦਾ ਤਾਂ ਉਸਦੀ ਜਨਤਾ ਤੇ ਸ਼ਾਸਨ ਕਰਨ ਦੀ ਉੱਚਿਤਤਾ ਖਤਮ ਹੋ ਜਾਂਦੀ ਹੈ। ਇਸ ਸਿਧਾਂਤ ਨੇ ਸ਼ਾਸਕ ਨੂੰ ਸ਼ਾਸਨ ਕਰਨ ਦੀਆਂ ਸ਼ਕਤੀਆਂ ਦੇ ਨਾਲ਼ ਹੀ ਕੁੱਝ ਜਿੰਮੇਵਾਰੀਆਂ ਵੀ ਸੌਂਪੀਆਂ ਹਨ।

# ਰਾਜਾ ਪ੍ਰਮਾਤਮਾਂ ਦਾ ਪ੍ਰਤੀਨਿਧ ਨਹੀਂ ਲੋਕਾਂ ਨੇ ਕੁੱਝ ਜਿੰਮੇਵਾਰੀਆਂ ਪੂਰੀਆਂ ਕਰਨ ਲਈ ਨਿਯੁਕਤ ਕੀਤਾ ਹੈ



# ਸਮਾਜਵਾਦੀ ਸਿਧਾਂਤ
# (Socialst Theory)

ਕਾਰਲ ਮਾਰਕਸ ਦੁਆਰਾ ਦਿੱਤੇ ਸਮਾਜਵਾਦੀ ਸਿਧਾਂਤ ਅਨੁਸਾਰ ਰਾਜ ਦਾ ਜਨਮ ਸਮੁੱਚੇ ਸਮਾਜ ਦੀਆਂ ਸਾਂਝੀਆਂ ਜਰੂਰਤਾਂ ਦੀ ਪੂਰਤੀ ਲਈ ਨਹੀਂ ਹੋਇਆ। ਰਾਜ ਕੋਈ ਸਮਾਜਿਕ ਅਤੇ ਨੈਤਿਕ ਸੰਸਥਾ ਵੀ ਨਹੀਂ ਹੈ। ਰਾਜ ਇੱਕ ਵਰਗ ਸੰਗਠਨ ਹੈ ਤੇ ਰਾਜ ਦੀ ਜਰੂਰਤ ਸਮਾਜ ਦੇ ਉੱਪਰਲੇ ਵਰਗ ਨੂੰ ਆਪਣੇ ਵਿਸ਼ੇਸ਼ ਅਧਿਕਾਰਾਂ ਤੇ ਵਿਸ਼ੇਸ਼ ਰੁਤਬੇ ਦੀ ਰੱਖਿਆ ਲਈ ਪਈ। ਇਸ ਸਿਧਾਂਤ ਦਾ ਸਾਰਅੰਸ਼ ਇਹ ਹੈ ਕਿ ਰਾਜ ਦੀ ਉਤਪਤੀ ਦਾ ਆਧਾਰ ਸਮਾਜ ਦੀ ਵਰਗਵੰਡ ਹੈ।

# ਜਿੱਥੇ ਕੁੱਝ ਲੋਕ ਸੰਪੱਤੀਹੀਣ ਅਤੇ ਕੁੱਝ ਸੰਪਤੀਸ਼ਾਲੀ ਹੋਣਗੇ ਉੱਥੇ ਰਾਜ ਦੀ ਜਰੂਰਤ ਰਹੇਗੀ



# ਰਾਜ ਦੀ ਉਤਪਤੀ ਦਾ ਇਤਿਹਾਸਕ ਜਾਂ ਵਿਕਾਸਵਾਦੀ ਸਿਧਾਂਤ
## Historical or Evolutionary Theory of Origin of the State

ਰਾਜ ਦੀ ਉਤਪਤੀ ਕਿਵੇਂ ਹੋਈ ਇਸ ਸੰਬੰਧੀ ਸਾਨੂੰ ਕਈ ਕਿਸਮ ਦੇ ਵਿਚਾਰ ਮਿਲਦੇ ਹਨ। ਪ੍ਰੰਤੂ ਇਹ ਸਿਧਾਂਤ ਕਾਲਪਨਿਕ ਜਾਂ ਅਰਧ-ਕਾਲਪਨਿਕ ਹਨ। ਰਾਜ ਦੀ ਉਤਪਤੀ ਸੰਬੰਧੀ ਸਚਾਈ ਦੇ ਸਭ ਤੋਂ ਜ਼ਿਆਦਾ ਨੇੜੇ ਵਿਕਾਸਵਾਦੀ ਸਿਧਾਂਤ ਹੈ। ਇਸ ਸਿਧਾਂਤ ਦਾ ਸਾਰਅੰਸ਼ ਇਹ ਹੈ ਕਿ ਰਾਜ ਦਾ ਜਨਮ ਨਹੀਂ ਹੋਇਆ, ਇਸਦਾ ਵਿਕਾਸ ਹੋਇਆ ਹੈ। ਡਾ. ਲੀਕੱਾਕ (Dr. Leacock)ਅਨੁਸਾਰ, "ਵਿਕਾਸਵਾਦੀ ਸਿਧਾਂਤ ਤੋਂ ਭਾਵ ਇਹ ਹੈ ਕਿ ਰਾਜ ਦੀ ਉਤਪਤੀ ਸੰਬੰਧੀ ਇਤਿਹਾਸ ਕਿਸੇ ਨਿਸ਼ਚਿਤ ਸਮੇਂ ਦਾ ਹਵਾਲਾ ਨਹੀਂ ਦਿੱਤਾ ਜਾ ਸਕਦਾ। ਇਹ ਕਿਸੇ ਇੱਕ ਸਮਝੌਤੇ ਜਾਂ ਯੋਜਨਾ ਦਾ ਸਿੱਟਾ ਨਹੀਂ। ਰਾਜ ਕੋਈ ਕਾਢ ਨਹੀਂ ਹੈ, ਸਗੋਂ ਇਸਦਾ ਵਿਕਾਸ ਹੋਇਆ ਹੈ ਅਤੇ ਇਸਦੇ ਵਿਕਾਸ ਦਾ ਕ੍ਰਮ ਮਾਨਵ ਜਾਤੀ ਦੇ ਇਤਿਹਾਸ ਦੇ ਜਾਣੇ ਅਤੇ ਅਣਜਾਣੇ ਕਾਲ ਤੱਕ ਫੈਲਿਆ ਹੋਇਆ ਹੈ"।

# 1). ਵਿਅਕਤੀ ਦੀ ਸਮਾਜਿਕ ਰੁਚੀ (Social Instinct of Man)

ਮਨੁੱਖ ਇਕੱਲਾ ਨਹੀਂ ਰਹਿ ਸਕਦਾ। ਦੂਸਰੇ ਵਿਅਕਤੀਆਂ ਦੇ ਨਾਲ਼ ਰਹਿਣਾ ਮਨੁੱਖ ਦੀ ਇੱਕ ਮਾਨਸਿਕ ਜਰੂਰਤ ਹੈ। ਜਦੋਂ ਵਿਅਕਤੀ ਦੂਸਰੇ ਵਿਅਕਤੀਆਂ ਨਾਲ਼ ਰਹਿੰਦਾ ਹੈ, ਤਾਂ ਕੁਦਰਤੀ ਤੌਰ ਤੇ ਸਮਾਜਿਕ ਸੰਬੰਧ ਪੈਦਾ ਹੋ ਜਾਂਦੇ ਹਨ। ਫਿਰ ਇਹਨਾਂ ਸੰਬੰਧਾਂ ਨੂੰ ਨਿਯਮਤ ਕਰਨ ਲਈ ਰੀਤੀ-ਰਿਵਾਜ ਹੋਂਦ ਵਿੱਚ ਆਉਂਦੇ ਹਨ। ਰੀਤੀ-ਰਿਵਾਜਾਂ ਨੂੰ ਲਾਗੂ ਕਰਵਾਉਣ ਲਈ ਮਨੁੱਖ ਕਿਸੇ ਸੰਗਠਨ ਦਾ ਨਿਰਮਾਣ ਕਰਦਾ ਹੈ, ਤੇ ਸਮੇਂ ਦੀ ਲੋੜ ਅਨੁਸਾਰ ਆਪਣੇ ਸਮਾਜਿਕ ਰੀਤੀ ਰਿਵਾਜਾਂ ਅਤੇ ਸੰਗਠਨ ਵਿੱਚ ਪਰਿਵਰਤਨ ਕਰਦਾ ਰਹਿੰਦਾ ਹੈ। ਇਹ ਸੰਗਠਨ ਹੀ ਸਮਾਜ ਦੇ ਮੈਂਬਰਾਂ ਦੀ ਦੂਸਰੇ ਸਮੂਹਾਂ ਤੋਂ ਰੱਖਿਆ ਵੀ ਕਰਨ ਲੱਗਿਆ। ਆਪਸੀ ਨਿਯਮਾਂ ਨੂੰ ਲਾਗੂ ਕਰਨ ਤੇ ਸੁਰੱਖਿਆ ਦੀ ਜਰੂਰਤ ਪੂਰੀ ਕਰਨ ਵਾਲ਼ਾ ਇਹ ਸੰਗਠਨ ਹੀ ਕਿਸੇ ਅਵਸਥਾ ਵਿੱਚ ਜਾ ਕੇ ਰਾਜ ਬਣਿਆਂ। ਇਸ ਤਰਾਂ ਮਨੁੱਖ ਦੀ ਸਮਾਜਿਕ ਰੁਚੀ, ਰਾਜ ਦੇ ਜਨਮ ਦਾ ਇੱਕ ਬਹੁਤ ਮਹੱਤਵਪੂਰਨ ਕਾਰਨ ਹੈ। ਰਾਜਨੀਤੀ ਸ਼ਾਸਤਰ ਦੇ ਪਿਤਾਮਾ ਅਰਸਤੂ (Aristotle) ਦਾ ਕਥਨ ਹੈ ਕਿ, "ਰਾਜ ਦੀ ਉਸਾਰੀ ਸਿਰਫ਼ ਜੀਵਨ ਦੀ ਸੁਰੱਖਿਆ ਲਈ ਹੋਈ, ਪਰ ਜੀਵਨ ਨੂੰ ਵਧੀਆ ਬਨਾਉਣ ਲਈ ਇਸਦੀ ਹੋਂਦ ਲਗਾਤਾਰ ਕਾਇਮ ਹੈ"।

# ਵਿਅਕਤੀ ਇੱਕ ਸਮਾਜਿਕ ਪ੍ਰਾਣੀ ਹੈ
# (Man is a social animal)



# 2). ਲਹੂ–ਸੰਬੰਧ
# (Blood Relations or Kinship)

ਲਹੂ–ਸੰਬੰਧ ਏਕਤਾ ਦਾ ਆਧਾਰ ਬਣਦੇ ਹਨ। ਲਹੂ–ਸੰਬੰਧਾਂ ਨਾਲ਼ ਹੀ ਪਰਿਵਾਰ ਤੇ ਕਬੀਲੇ ਹੋਂਦ ਵਿੱਚ ਆਏ। ਖ਼ੂਨ ਦੇ ਰਿਸ਼ਤਿਆਂ ਨਾਲ਼ ਆਪਣਾਪਣ, ਏਕਤਾ ਅਤੇ ਸੁਰੱਖਿਆ ਦੀਆਂ ਜਰੂਰਤਾਂ ਪੂਰੀਆਂ ਹੋਈਆਂ। ਕਬੀਲੇ ਦਾ ਮੁਖੀ ਆਪਣੇ ਕਬੀਲੇ ਦੇ ਮੈਂਬਰਾਂ ਦਾ ਰਾਜਨੀਤਿਕ ਮੁਖੀ ਬਣ ਗਿਆ। ਉਹ ਆਪਣੇ ਕਬੀਲੇ ਦੇ ਮੈਂਬਰਾਂ ਲਈ ਨਿਯਮ ਬਣਾਉਂਦਾ, ਉਹਨਾ ਦੇ ਝਗੜਿਆਂ ਦਾ ਨਿਪਟਾਰਾ ਕਰਦਾ ਤੇ ਉਹਨਾ ਦੀ ਦੂਸਰੇ ਕਬੀਲਿਆਂ ਨਾਲ਼ ਸੰਘਰਸ਼ ਸਮੇਂ ਅਗਵਾਈ ਕਰਦਾ। ਇਹੀ ਰਾਜ ਦੇ ਮੁਢਲੇ ਕੰਮ ਹਨ। ਭਾਵੇਂ ਰਾਜ ਨੂੰ ਪਰਿਵਾਰ ਦਾ ਵਿਸਥਾਰ ਤਾਂ ਨਹੀਂ ਕਿਹਾ ਜਾ ਸਕਦਾ, ਪ੍ਰੰਤੂ ਪਰਿਵਾਰ ਨੂੰ ਰਾਜ ਦੀ ਸ਼ੁਰੂਆਤ ਜਰੂਰ ਕਿਹਾ ਜਾ ਸਕਦਾ ਹੈ। ਮੈਕਾਈਵਰ (MacIver) ਦਾ ਵਿਚਾਰ ਹੈ ਕਿ, "ਲਹੂ–ਸੰਬੰਧ ਸਮਾਜ ਨੂੰ ਅਤੇ ਸਮਾਜ ਅੰਤ ਵਿੱਚ ਰਾਜ ਨੂੰ ਜਨਮ ਦਿੰਦਾ ਹੈ"।

# 3). ਜਾਦੂ-ਟੂਣੇ
# (Magic)

ਪ੍ਰਾਚੀਨ ਮਨੁੱਖ ਕੁਦਰਤੀ ਆਫਤਾਂ ਤੋਂ ਬਹੁਤ ਡਰਦਾ ਸੀ। ਉਸ ਲਈ ਮੀਂਹ, ਹਨੇਰੀ, ਅੱਗ, ਸੂਰਜ ਤੇ ਭੂਚਾਲ ਆਦਿ ਸਭ ਖਤਰਨਾਕ ਤੇ ਹੈਰਾਨੀ ਭਰੀਆਂ ਚੀਜਾਂ ਸਨ। ਮਨੁੱਖ ਨੇ ਇਹਨਾਂ ਸਾਰੀਆਂ ਚੀਜਾਂ ਪਿੱਛੇ ਕਿਸੇ ਕੁਦਰਤੀ ਸ਼ਕਤੀ ਦਾ ਹੱਥ ਮਹਿਸੂਸ ਕੀਤਾ, ਤੇ ਇਹਨਾਂ ਦੀ ਕ੍ਰੋਪੀ ਤੋਂ ਬਚਣ ਲਈ ਇਹਨਾਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਮਨੁੱਖ ਦੀ ਇਸ ਅਗਿਆਨਤਾ ਤੇ ਡਰ ਦਾ ਫਾਇਦਾ ਕੁੱਝ ਚੁਸਤ-ਚਲਾਕ ਲੋਕਾਂ ਨੇ ਉਠਾਉਣਾ ਸ਼ੁਰੂ ਕਰ ਦਿੱਤਾ। ਉਹਨਾ ਦਾਅਵਾ ਕੀਤਾ ਕਿ ਉਹ ਇਹਨਾਂ ਕੁਦਰਤੀ ਸ਼ਕਤੀਆਂ ਨੂੰ ਵੱਸ ਵਿੱਚ ਕਰ ਸਕਦੇ ਹਨ। ਉਹ ਕਿਸੇ ਦੀ ਹਾਨੀ ਕਰਵਾ ਵੀ ਸਕਦੇ ਹਨ, ਤੇ ਕਿਸੇ ਦੀ ਹਾਨੀ ਬਚਾ ਵੀ ਸਕਦੇ ਹਨ। ਆਪਣੀਆਂ 'ਜਾਦੂਈ ਸ਼ਕਤੀਆਂ' ਦੇ ਸਿਰ ਤੇ ਇਹ ਜਾਦੂਗਰ ਆਪਣੇ ਕਬੀਲਿਆਂ ਦੇ ਸਰਦਾਰ ਬਣ ਗਏ। ਰਾਜਿਆਂ ਕੋਲ਼ ਜਾਦੂਈ ਸ਼ਕਤੀਆਂ ਅਤੇ ਇੱਛਾ ਪੂਰੀ ਕਰ ਸਕਣ ਦੀਆਂ ਸ਼ਕਤੀਆਂ ਦੇ ਅੰਸ਼ ਸਾਨੂੰ ਅੱਜ ਤੱਕ ਵੀ ਮਿਲਦੇ ਹਨ। ਇਸ ਸੰਬੰਧੀ ਡਾ. ਗਾਰਨਰ (Dr. Garner) ਨੇ ਕਿਹਾ ਹੈ, "ਮੁੱਖ ਜਾਦੂਗਰ ਤੋਂ ਮੁਖੀ ਜਾਂ ਰਾਜਾ ਬਣਨ ਦਾ ਕਦਮ ਬੜਾ ਸਰਲ ਹੈ"।

# 4). ਧਰਮ
# (Religion)

ਧਰਮ ਨੇ ਲੋਕਾਂ ਨੂੰ ਏਕੇ ਵਿੱਚ ਪ੍ਰੋਣ ਵਿੱਚ ਬਹੁਤ ਮੱਦਦ ਕੀਤੀ। ਇੱਕ ਧਰਮ ਦੇ ਲੋਕਾਂ ਦੇ ਆਮ ਕਰਕੇ ਸਾਂਝੇ ਵੱਡੇ-ਵਡੇਰੇ ਹੁੰਦੇ ਸਨ। ਧਰਮ ਨੇ ਸਾਂਝੇ ਰੀਤੀ-ਰਿਵਾਜਾਂ ਦੀ ਤੇ ਸਾਂਝੇ ਪਾਠ-ਪੂਜਾ ਦੇ ਤਰੀਕਿਆਂ ਦੀ ਸ਼ੁਰੂਆਤ ਕੀਤੀ। ਆਮ ਜੀਵਨ ਤੋਂ ਬਿਨਾਂ ਯੁੱਧ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਵੀ ਧਰਮ ਦਾ ਆਸਰਾ ਲਿਆ ਜਾਣ ਲੱਗਿਆ। ਧਰਮ ਦੇ ਨਿਯਮ ਹੀ ਕਾਨੂੰਨ ਬਣ ਗਏ। ਜਿਹੜੀ ਸਾਂਝ ਲਹੂ-ਸੰਬੰਧਾਂ ਨੇ ਸੀਮਿਤ ਪੱਧਰ ਤੇ ਸ਼ੁਰੂ ਕੀਤੀ ਸੀ, ਧਰਮ ਨੇ ਉਸਦਾ ਹੋਰ ਵਿਸਥਾਰ ਕੀਤਾ। ਧਰਮ ਦੀ ਸਾਂਝ ਖ਼ੂਨ ਦੀ ਸਾਂਝ ਤੋਂ ਵੀ ਵਧੇਰੇ ਮਹੱਤਵਪੂਰਨ ਹੋ ਗਈ। ਸਾਂਝਾ ਧਰਮ ਸਾਂਝੇ ਪਾਠ ਪੂਜਾ ਦੇ ਤਰੀਕਿਆਂ ਨੂੰ ਜਨਮ ਦਿੰਦਾ ਹੈ, ਤੇ ਇੱਕ ਸਾਂਝੇ ਸੱਭਿਆਚਾਰ ਦੀ ਸਥਾਪਨਾ ਕਰਦਾ ਹੈ ਤੇ ਅਖੀਰ ਵਿੱਚ ਇਹ ਸਮਾਜਿਕ ਸਾਂਝ ਰਾਜਨੀਤਿਕ ਸਾਂਝ ਨੂੰ ਜਨਮ ਦਿੰਦੀ ਹੈ। ਰਾਜ ਦੇ ਜਨਮ ਵਿੱਚ ਧਰਮ ਦੀ ਭੂਮਿਕਾ ਸੰਬੰਧੀ ਪ੍ਰੋ. ਗੈਟਲ (Prof. Gettell) ਨੇ ਕਿਹਾ ਹੈ ਕਿ, "ਅਨੁਸ਼ਾਸਨ ਅਤੇ ਸੱਤਾ ਦੀ ਅਧੀਨਗੀ ਜਿਹੜੇ ਕਿ ਸਾਰੀਆਂ ਸਫਲ ਸਰਕਾਰਾਂ ਦੇ ਆਧਾਰ ਹਨ ਨੂੰ ਪੈਦਾ ਕਰਨਾ ਵਿੱਚ ਹਜਾਰਾਂ ਸਾਲਾਂ ਦੀ ਜਰੂਰਤ ਸੀ ਅਤੇ ਇਸ ਪ੍ਰਕਿਰਿਆ ਦੇ ਮੁਢਲੇ ਭਾਗ ਵਿੱਚ ਇਸਦੇ ਮੁੱਖ ਸਾਧਨ ਸਨ ਧਰਮਤੰਤਰ ਤੇ ਤਾਨਾਸ਼ਾਹੀ, ਜਿਹੜੇ ਕਿ ਮੁੱਖ ਤੌਰ ਤੇ ਧਰਮ ਦੇ ਦੈਵੀ ਆਦੇਸ਼ ਤੇ ਆਧਾਰਿਤ ਸਨ"।

# 5). ਸ਼ਕਤੀ
# (Force)

ਰਾਜ ਦੇ ਵਿਕਾਸ ਵਿੱਚ ਸ਼ਕਤੀ ਦਾ ਸਥਾਨ ਵੀ ਬਹੁਤ ਮਹੱਤਵਪੂਰਨ ਹੈ। ਲਹੂ ਸੰਬੰਧਾਂ ਅਤੇ ਧਰਮ ਨੇ ਜੋ ਏਕਤਾ ਪੈਦਾ ਕੀਤੀ ਉਸਨੂੰ ਸਥਿਰ ਰੱਖਣ ਅਤੇ ਸਮਾਜ ਦੀ ਸੁਰੱਖਿਆ ਲਈ ਸ਼ਕਤੀ ਦੀ ਜਰੂਰਤ ਪਈ। ਘੱਟ ਸ਼ਕਤੀਸ਼ਾਲੀ ਕਬੀਲਿਆਂ ਨੂੰ ਵਧੇਰੇ ਸ਼ਕਤੀਸ਼ਾਲੀ ਕਬੀਲਿਆਂ ਨੇ ਆਪਣੇ ਅਧੀਨ ਕਰ ਲਿਆ। ਸ਼ਕਤੀ ਦੀ ਵਰਤੋਂ ਨਾਲ਼ ਹੀ ਰਾਜਾਂ ਦਾ ਵਿਸਥਾਰ ਹੋਇਆ ਤੇ ਵੱਡੇ–ਵੱਡੇ ਸਾਮਰਾਜ ਪੈਦਾ ਹੋਏ। ਰਾਜ ਦੇ ਵਿਕਾਸ ਵਿੱਚ ਸ਼ਕਤੀ ਦੀ ਭੂਮਿਕਾ ਸੰਬੰਧੀ ਪ੍ਰੋ. ਮੈਕਾਈਵਰ (Prof. MacIver) ਦਾ ਵਿਚਾਰ ਹੈ ਕਿ, “ਰਾਜ ਦੀ ਉਤਪਤੀ ਸ਼ਕਤੀ ਨਾਲ਼ ਨਹੀਂ ਹੋਈ, ਪ੍ਰੰਤੂ ਇਸਦੇ ਵਿਸਥਾਰ ਦੀ ਪ੍ਰਕਿਰਿਆ ਵਿੱਚ ਸ਼ਕਤੀ ਨੇ ਮਹੱਤਵਪੂਰਨ ਹਿੱਸਾ ਪਾਇਆ ਹੈ”।

# 6). ਆਰਥਿਕ ਸੰਘਰਸ਼
# (Economic Warfare)

ਰੋਜ਼ੀ–ਰੋਟੀ ਨਾਲ਼ ਜੁੜੀਆਂ ਪ੍ਰਕਿਰਿਆਵਾਂ ਨੇ ਰਾਜ ਦੇ ਵਿਕਾਸ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਮਾਜ ਦੀ ਮੁਢਲੀ ਅਵਸਥਾ ਵਿੱਚ ਮਨੁੱਖ ਸ਼ਿਕਾਰ ਕਰਕੇ ਆਪਣਾ ਪੇਟ ਪਾਲ਼ਦਾ ਸੀ। ਇਸ ਸਮੇਂ ਉਸ ਕੋਲ਼ ਕੋਈ ਸੰਪੱਤੀ ਨਹੀਂ ਸੀ ਹੁੰਦੀ। ਫਿਰ ਉਸਨੇ ਪਸ਼ੂ ਪਾਲਣ ਦਾ ਕਿੱਤਾ ਸ਼ੁਰੂ ਕੀਤਾ, ਤੇ ਪਸ਼ੂਆਂ ਦੇ ਝੁੰਡ ਉਸਦੀ ਸੰਪੱਤੀ ਬਣ ਗਏ। ਆਬਾਦੀ ਵਿੱਚ ਵਾਧਾ ਹੋਇਆ ਤੇ ਪਰਿਵਾਰ ਕਬੀਲਿਆਂ ਵਿੱਚ ਬਦਲ ਗਏ। ਸੰਪੱਤੀ ਨਾਲ਼ ਝਗੜੇ ਵੀ ਉਤਪੰਨ ਹੋਣੇ ਸ਼ੁਰੂ ਹੋ ਗਏ ਜਿਹਨਾ ਦਾ ਫੈਸਲਾ ਕਬੀਲੇ ਦੇ ਸਿਆਣੇ ਬਜ਼ੁਰਗ ਕਰਨ ਲੱਗੇ। ਇਹ ਕਬੀਲਾ ਰਾਜ ਦੀ ਸ਼ੁਰੂਆਤ ਸੀ। ਕਬੀਲਿਆਂ ਨੂੰ ਆਪਣੀ ਸੰਪੱਤੀ ਦੀ ਦੂਸਰੇ ਕਬੀਲਿਆਂ ਤੋਂ ਸੁਰੱਖਿਆ ਦੀ ਜਰੂਰਤ ਪਈ ਜਿਸਨੇ ਸੈਨਿਕ ਸ਼ਕਤੀ ਦੇ ਵਿਕਾਸ ਵਿੱਚ ਭੂਮਿਕਾ ਨਿਭਾਈ। ਇਸ ਸੰਘਰਸ਼ ਵਿੱਚ ਕਬੀਲੇ ਨੂੰ ਅਗਵਾਈ ਦੀ ਜਰੂਰਤ ਪਈ, ਤੇ ਜਿਸਨੇ ਅਗਵਾਈ ਪ੍ਰਦਾਨ ਕੀਤੀ ਉਹ ਕਬੀਲੇ ਦਾ ਮੁਖੀ ਬਣ ਗਿਆ।

# 7). ਰਾਜਨੀਤਿਕ ਚੇਤਨਤਾ
# (Political Consciousness)

ਰਾਜਨੀਤਿਕ ਚੇਤਨਤਾ ਦਾ ਅਰਥ ਹੈ ਲੋਕਾਂ ਦੁਆਰਾ ਰਾਜ ਦੀ ਜਰੂਰਤ ਮਹਿਸੂਸ ਕੀਤੇ ਜਾਣਾ। ਇਹ ਜਰੂਰਤ ਸੰਪੱਤੀ ਤੇ ਜੀਵਨ ਆਦਿ ਦੀ ਰੱਖਿਆ ਲਈ ਕੀਤੀ ਗਈ। ਦੂਸਰੇ ਸਮੂਹਾਂ ਦੇ ਹਮਲੇ ਦਾ ਮੁਕਾਬਲਾ ਕਰਨ ਲਈ ਵੀ ਇਸ ਸੰਗਠਨ ਦੀ ਜਰੂਰਤ ਮਹਿਸੂਸ ਕੀਤੀ ਗਈ ਹੋਵੇਗੀ। ਰਾਜਨੀਤਿਕ ਚੇਤਨਤਾ ਤੋਂ ਬਿਨਾ ਰਾਜ ਦੀ ਹੋਂਦ ਕਦੇ ਵੀ ਸੰਭਵ ਨਹੀਂ ਸੀ। ਇਸੇ ਲਈ ਪ੍ਰੋ. ਗਿਲਕ੍ਰਾਈਸਟ (Prof. Gilchrist) ਨੇ ਕਿਹਾ ਹੈ ਕਿ, "ਰਾਜ ਦੀ ਉਤਪਤੀ ਵਿੱਚ ਰਾਜ ਦੇ ਸਭ ਤੱਤਾਂ ਨਾਲ਼ੋਂ ਜਿਹਨਾ ਵਿੱਚ ਲਹੂ–ਸੰਬੰਧ ਅਤੇ ਧਰਮ ਵੀ ਸ਼ਾਮਿਲ ਹਨ, ਰਾਜਨੀਤਿਕ ਚੇਤਨਾ ਸਰਵ–ਉੱਤਮ ਹੈ"। ਜਦੋਂ ਮਨੁੱਖ ਨੇ ਘੁੰਮਣ ਫਿਰਨ ਵਾਲ਼ਾ ਜੀਵਨ ਛੱਡ ਕੇ ਇੱਕ ਸਥਾਨ ਤੇ ਰਹਿਣਾ ਸ਼ੁਰੂ ਕੀਤਾ ਤੇ ਖੇਤੀ ਕਰਨੀ ਸ਼ੁਰੂ ਕੀਤੀ ਤਾਂ ਵਿਅਕਤੀਆਂ ਦੇ ਆਪਸੀ ਸੰਬੰਧ ਗੁੰਝਲਦਾਰ ਹੋਣੇ ਸ਼ੁਰੂ ਹੋ ਗਏ, ਤੇ ਇਹਨਾਂ ਨੂੰ ਨਿਯੰਤਰਿਤ ਕਰਨ ਲਈ ਉਸਨੇ ਰਾਜ ਦੀ ਲੋੜ ਮਹਿਸੂਸ ਕੀਤੀ। ਰਾਜਨੀਤਿਕ ਚੇਤਨਾ ਹੀ ਵਿਅਕਤੀ ਦੁਆਰਾ ਰਾਜ ਦੀ ਅਧੀਨਤਾ ਸਵੀਕਾਰ ਕੀਤੇ ਜਾਣ ਦਾ ਸਭ ਤੋਂ ਮਹੱਤਵਪੂਰਨ ਕਾਰਨ ਹੈ।

# ਸਿੱਟਾ (Conclusion)

ਰਾਜ ਦੀ ਉਤਪਤੀ ਸੰਬੰਧੀ ਵਿਕਾਸਵਾਦੀ ਜਾਂ ਇਤਿਹਾਸਕ ਸਿਧਾਂਤ ਇਸ ਗੱਲ ਤੇ ਜੋਰ ਦਿੰਦਾ ਹੈ ਕਿ ਰਾਜ ਦਾ ਜਨਮ ਨਹੀਂ ਵਿਕਾਸ ਹੋਇਆ ਹੈ, ਤੇ ਇਸ ਵਿੱਚ ਅਨੇਕ ਤੱਥਾਂ ਦਾ ਯੋਗਦਾਨ ਹੈ। ਇਹ ਸਿਧਾਂਤ ਕਿਸੇ ਇੱਕ ਵਿਚਾਰਕ ਦੀ ਦੇਣ ਨਹੀਂ ਹੈ, ਤੇ ਨਾ ਹੀ ਇਸਦਾ ਕੋਈ ਉਦੇਸ਼ ਹੈ। ਇਹ ਸਿਧਾਂਤ ਭਾਵੇਂ ਸਮਾਜਿਕ ਸਮਝੌਤਾ ਸਿਧਾਂਤ ਅਤੇ ਦੈਵੀ ਉਤਪਤੀ ਦੇ ਸਿਧਾਂਤ ਵਾਂਗ ਦਿਲਚਸਪ ਨਹੀਂ ਹੈ, ਪ੍ਰੰਤੂ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਸਿਧਾਂਤ ਬਾਕੀ ਦੇ ਸਾਰੇ ਸਿਧਾਂਤਾਂ ਦੇ ਮੁਕਾਬਲੇ ਸਚਾਈ ਦੇ ਜ਼ਿਆਦਾ ਨੇੜੇ ਹੈ।




ਪ੍ਰੋ. ਜੋਗਿੰਦਰ ਸਿੰਘ ਖਟੜਾ

ਰਾਜਨੀਤੀ ਸ਼ਾਸਤਰ ਵਿਭਾਗ

ਅਕਾਲ ਡਿਗਰੀ ਕਾਲਜ ਮਸਤੂਆਣਾ